# ਦਫ਼ਤਰ ਜ਼ਿਲ੍ਹਾ ਕੁਲੈਕਟਰ (ਡਿਪਟੀ ਕਮਿਸ਼ਨਰ) ਲੁਧਿਆਣਾ

## ਪਬਲਿਕ ਇਸ਼ਤਿਹਾਰ

ਇਸ ਇਸ਼ਤਿਹਾਰ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਜ਼ਿਲ੍ਹਾ ਲੁਧਿਆਣਾ ਵਿਖੇ ਹੇਠ ਲਿਖੇ ਅਨੁਸਾਰ ਅਸ਼ਟਾਮ ਫਰੋਸ਼ ਦੀਆਂ 160 ਅਸਾਮੀਆਂ ਮੈਰਿਟ ਦੇ ਅਧਾਰ ਤੇ ਭਰਨ ਲਈ ਅਰਜੀਆਂ ਮਿਤੀ: 4.10.2021 ਤੱਕ ਮੰਗੀਆਂ ਜਾਂਦੀਆਂ ਹਨ।ਇਹ ਅਰਜੀਆਂ **www.pau.edu** ਵੈਬਸਾਈਟ ਤੇ ਕੇਵਲ ਔਨਲਾਈਨ ਹੀ ਦਿੱਤੀਆਂ ਜਾਣਗੀਆਂ।ਕਿਸੇ ਵੀ ਤਰਾਂ ਦੀ ਦਰਖਾਸਤ ਵਿਅਕਤੀਗਤ ਤੌਰ ਤੇ, ਡਾਕ ਰਾਹੀਂ ਜਾਂ ਕੋਰੀਅਰ ਰਾਹੀਂ ਨਹੀ ਲਈ ਜਾਵੇਗੀ।ਇਹ ਅਰਜੀਆਂ ਮਿਤੀ:4.10.2021 ਤੱਕ ਉਕਤ ਵੈੱਬਸਾਈਟ ਤੇ ਦਿੱਤੀਆਂ ਜਾ ਸਕਦੀਆਂ ਹਨ।ਉਕਤ 160 ਅਸਾਮੀਆਂ ਨੂੰ ਭਰਨ ਲਈ ਲਿਖਤੀ ਪ੍ਰੀਖਿਆ, ਵਿੱਦਿਅਕ ਯੋਗਤਾ ਅਤੇ ਇੰਟਰਵਿਊ ਦੇ ਅੰਕਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| ਲੜੀ ਨੰਬਰ: | ਵੇਰਵਾ | ਅੰਕ |
|---|---|---|
| 1 | ਦੱਸਵੀ ਪੱਧਰ ਦਾ ਲਿਖਤੀ ਟੈਸਟ | 70 |
| 2 | ਦਸਵੀ ਪੱਧਰ ਦੀ ਵਿੱਦਿਅਕ ਯੋਗਤਾ | 20 |
| 3 | ਇੰਟਰਵਿਊ | 10 |

1) <u>ਲਿਖਤੀ ਟੈਸਟ ਸਬੰਧੀ।</u>

ੳ) 70 ਨੰਬਰ ਦਾ **Objective type** ਦਾ ਲਿਖਤੀ ਟੈਸਟ **OMR sheet** ਤੇ ਲਿਆ ਜਾਵੇਗਾ।

ਅ) ਇਸ ਵਿਚ 70 ਪ੍ਰਸ਼ਨ ਪਾਏ ਜਾਣਗੇ।ਜਿਸਨੂੰ ਪੂਰਾ ਕਰਨ ਲਈ ਇੱਕ ਘੰਟੇ ਦਾ ਸਮਾਂ ਦਿੱਤਾ ਜਾਵੇਗਾ।

ੲ) ਪ੍ਰਸ਼ਨ ਪੱਤਰ ਅੰਗਰੇਜੀ ਅਤੇ ਪੰਜਾਬੀ ਦੋਨਾਂ ਭਾਸ਼ਾਵਾਂ ਵਿਚ ਹੋਵੇਗਾ।

ਸ) ਸਲੇਬਸ ਦਾ ਵੇਰਵਾ ਹੇਠ ਅਨੁਸਾਰ ਹੈ:-

- A) **General Knowledge** - 20
- B) **Mathematics** (ਦਸਵੀ ਪੱਧਰ) - 20
- C) **Punjabi** (ਦਸਵੀ ਪੱਧਰ) - 20
- D) **English** (ਦਸਵੀ ਪੱਧਰ) - 10

ਹ) ਹਰ ਇੱਕ ਸਹੀ ਉਤਰ ਦਾ ਇੱਕ ਨੰਬਰ ਲਗਾਇਆ ਜਾਵੇਗਾ ਅਤੇ ਹਰ ਇੱਕ ਗਲਤ ਉੱਤਰ ਦਾ **1/4** ਅੰਕ ਕੱਟਿਆ ਜਾਵੇਗਾ।

2) <u>ਵਿੱਦਿਅਕ ਯੋਗਤਾ ਸਬੰਧੀ।</u>

ੳ) 20 ਅੰਕ ਵਿੱਦਿਅਕ ਯੋਗਤਾ ਦੇ ਹੇਠ ਲਿਖੇ ਹਿਸਾਬ ਨਾਲ ਲਗਾਏ ਜਾਣਗੇ:-

| | |
|---|---|
| 10ਵੀਂ ਪੱਧਰ ਦੀ ਪੜਾਈ | $\frac{\text{ਪ੍ਰਾਪਤ ਪ੍ਰਤੀਸ਼ਤ ਅੰਕ}}{100} \times 20$ |

3.) <u>ਇੰਟਰਵਿਊ ਸਬੰਧੀ।</u>

ੳ) ਇੰਟਰਵਿਊ ਦੇ 10 ਅੰਕ ਹੋਣਗੇ।

ਅਰਜੀਕਰਤਾਵਾਂ ਦਾ ਲਿਖਤੀ ਟੈਸਟ ਮਿਤੀ:31.10.2021 ਦਿਨ ਐਤਵਾਰ ਨੂੰ ਲੁਧਿਆਣਾ ਵਿਖੇ ਲਿਆ ਜਾਵੇਗਾ।ਅਰਜੀਕਰਤਾਵਾਂ ਦੇ ਰੋਲ ਨੰਬਰ **www.pau.edu** ਵੈੱਬਸਾਈਟ ਤੇ ਪਾ ਦਿੱਤੇ ਜਾਣਗੇ ਜਿਸ ਤੋ ਅਰਜੀਕਰਤਾ ਆਪਣਾ ਰੋਲ ਨੰਬਰ/ਐਡਮਿਟ ਕਾਰਡ ਡਾਊਨਲੋਡ ਕਰ ਸਕਦਾ ਹੈ।ਇਸ ਸਬੰਧੀ ਅਰਜੀਕਰਤਾਵਾਂ ਨੂੰ ਈ.ਮੇਲ ਜਾਂ ਮੋਬਾਇਲ **sms** ਰਾਹੀਂ ਸੂਚਿਤ ਕਰ ਦਿੱਤਾ ਜਾਵੇਗਾ।ਰੋਲ ਨੰਬਰ/ਐਡਮਿਟ ਕਾਰਡ ਦੇ ਵਿੱਚ ਹੀ ਲਿਖਤੀ ਟੈਸਟ ਦੇ ਸਥਾਨ ਅਤੇ ਸਮੇਂ ਬਾਰੇ ਵੇਰਵਾ ਦਰਜ ਹੋਵੇਗਾ।ਬਿਨੇਕਾਰ ਵੱਲੋਂ ਉਕਤ ਵੈੱਬਸਾਈਟ **www.pau.edu** ਤੇ ਹੀ ਉਕਤ ਟੈਸਟ ਦੀ ਫੀਸ 750 ਰੁਪੈ ਲਾਜ਼ਮੀ ਔਨਲਾਈਨ ਜਮਾਂ ਕਰਵਾਉਣੀ ਹੋਵੇਗੀ।

1. ਭਰੀਆਂ ਜਾਣ ਵਾਲੀਆਂ ਅਸ਼ਟਾਮ ਫਰੋਸ਼ ਦੀਆਂ ਅਸਾਮੀਆਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| ਲੜੀ ਨੰਬਰ: | ਤਹਿਸੀਲ ਦਾ ਨਾਮ | ਗਿਣਤੀ |
|---|---|---|
| 1 | ਲੁਧਿਆਣਾ (ਪੂਰਬੀ) | 22 |
| 2 | ਲੁਧਿਆਣਾ (ਪੱਛਮੀ) | 22 |
| 3 | ਜਗਰਾਓ | 22 |
| 4 | ਸਮਰਾਲਾ | 22 |
| 5 | ਪਾਇਲ | 15 |
| 6 | ਖੰਨਾ | 37 |
| 7 | ਰਾਏਕੋਟ | 20 |
| | ਕੁੱਲ | 160 |

16/9/21

2. ਬਿਨੇਕਾਰ ਘੱਟੋ ਘੱਟ ਦਸਵੀਂ ਪਾਸ ਹੋਵੇ।
3. ਉਸਦੀ ਉਮਰ (ਮਿਤੀ:4.10.2021 ਨੂੰ) ਘੱਟੋ ਘੱਟ 18 ਸਾਲ ਹੋਵੇ।
4. ਸਰਕਾਰ ਦੀਆਂ ਹਦਾਇਤਾਂ ਅਨੁਸਾਰ ਅਸ਼ਟਾਮ ਫਰੋਸ਼ ਦੀਆਂ ਕੁੱਲ 160 ਅਸਾਮੀਆਂ ਵਿੱਚੋਂ 2 ਪ੍ਰਤੀਸ਼ਤ ਅੱਤਵਾਦ ਪ੍ਰਭਾਵਿਤ ਪਰਿਵਾਰਾਂ ਲਈ ਅਤੇ 5 ਪ੍ਰਤੀਸ਼ਤ ਦੰਗਾ ਪੀੜਤ ਪਰਿਵਾਰਾਂ ਲਈ ਰਾਖਵੀਆਂ ਹੋਣਗੀਆਂ।ਜਿਨਾਂ ਦਾ ਵੇਰਵਾ ਹੇਠ ਅਨੁਸਾਰ ਹੈ:-

| | |
|---|---|
| ਕੁੱਲ ਅਸਾਮੀਆਂ ਦੀ ਗਿਣਤੀ | 160 |
| ਅੱਤਵਾਦ ਪ੍ਰਭਾਵਿਤ ਪਰਿਵਾਰਾਂ ਲਈ ਰਾਖਵੀਆਂ ਅਸਾਮੀਆਂ ਦੀ ਗਿਣਤੀ | 3 |
| ਦੰਗਾ ਪੀੜਤ ਪਰਿਵਾਰਾਂ ਲਈ ਰਾਖਵੀਆਂ ਅਸਾਮੀਆਂ ਦੀ ਗਿਣਤੀ | 8 |
| ਜਨਰਲ ਅਸਾਮੀਆਂ ਦੀ ਗਿਣਤੀ | 149 |

5. ਅਸ਼ਟਾਮ ਫਰੋਸੀ ਦੇ ਲਾਇਸੈਂਸ ਲਈ ਅੱਜ ਤੱਕ ਜੋ ਦਰਖਾਸਤਾਂ ਪਹਿਲਾਂ ਇਸ ਦਫਤਰ ਵਿਚ ਪ੍ਰਾਪਤ ਹੋਈਆਂ ਹਨ, ਉਨਾਂ ਤੇ ਕੋਈ ਵਿਚਾਰ ਨਹੀਂ ਕੀਤਾ ਜਾਵੇਗਾ।
6. ਅਰਜੀਕਰਤਾ ਵੱਲੋਂ ਦਿੱਤੀ ਜਾਣ ਵਾਲੀ ਔਨਲਾਈਨ ਫੀਸ **reconcile** ਕੀਤੀ ਜਾਵੇਗੀ ਅਤੇ ਜੇਕਰ ਕਿਸੇ ਕਾਰਣ ਕਰਕੇ ਫੀਸ ਬੈਕ ਖਾਤੇ ਵਿਚ ਜਮ੍ਹਾਂ ਨਹੀਂ ਹੁੰਦੀ ਤਾਂ ਅਰਜੀਕਰਤਾ ਨੂੰ ਰੋਲ ਨੰਬਰ/ਐਡਮਿਟ ਕਾਰਡ ਜਾਰੀ ਨਹੀਂ ਕੀਤਾ ਜਾਵੇਗਾ ਅਤੇ ਇਸਦੀ ਨਿਰੋਲ ਜ਼ਿੰਮੇਵਾਰੀ ਖੁਦ ਅਰਜੀਕਰਤਾ ਦੀ ਹੋਵੇਗੀ।
7. ਲਾਇਸੈਂਸ ਜਾਰੀ ਕਰਨ ਦੀ ਸੂਰਤ ਵਿਚ ਪ੍ਰਾਰਥੀ ਦਾ ਚਾਲ ਚਲਣ ਪੁਲਿਸ ਰਿਪੋਟ ਅਨੁਸਾਰ ਤਸੱਲੀਬਖਸ਼ ਹੋਣਾ ਚਾਹੀਦਾ ਹੈ।
8. ਪ੍ਰੀਖਿਆ ਵਿੱਚ ਸ਼ਾਮਿਲ ਉਮੀਦਵਾਰਾਂ ਦੀ ਮੈਰਿਟ ਲਿਸਟ ਵੈੱਬਸਾਈਟ **www.pau.edu** ਤੇ ਪਾਈ ਜਾਵੇਗੀ।
9. ਇੰਟਰਵਿਊ ਲਈ ਚੁਣੇ ਗਏ ਉਮੀਦਵਾਰਾਂ ਨੂੰ ਈ.ਮੇਲ ਜਾਂ ਮੋਬਾਇਲ **sms** ਰਾਹੀਂ ਇੰਟਰਵਿਊ ਦਾ ਸਮਾਂ/ਮਿਤੀ ਅਤੇ ਸਥਾਨ ਬਾਬਤ ਸੂਚਿਤ ਕੀਤਾ ਜਾਵੇਗਾ।
10. ਇੰਟਰਵਿਊ ਸਮੇਂ ਵਿਦਿਅਕ ਯੋਗਤਾ, ਰਿਹਾਇਸ਼ੀ ਸਬੂਤ, ਪਛਾਣ ਪੱਤਰ (ਕਿਸੇ ਸਰਕਾਰੀ ਅਦਾਰੇ ਵੱਲੋ ਜਾਰੀ ਫੋਟੋ ਸ਼ਨਾਖਤੀ ਕਾਰਡ), ਦੰਗਾ ਪੀੜਤ ਜਾਂ ਅੱਤਵਾਦ ਪ੍ਰਭਾਵਿਤ ਪਰਿਵਾਰਾਂ ਨੂੰ ਜਾਰੀ ਸ਼ਨਾਖਤੀ ਕਾਰਡ ਆਦਿ ਅਸਲ ਅਤੇ ਇਕ ਫੋਟੋ ਕਾਪੀ ਨਾਲ ਲੈਕੇ ਆਉਣੀ ਜ਼ਰੂਰੀ ਹੋਵੇਗੀ।ਜੇਕਰ ਕਿਸੇ ਕਾਰਣ ਦਰਖਾਸਤ ਕਰਤਾ ਵੱਲੋ ਦਿੱਤਾ ਗਿਆ ਕੋਈ ਵੀ ਸਬੂਤ ਸਹੀ ਨਹੀਂ ਪਾਇਆ ਗਿਆ ਤਾਂ ਉਸਦੀ ਉਮੀਦਵਾਰੀ ਰੱਦ ਕਰ ਦਿੱਤੀ ਜਾਵੇਗੀ।
11. ਸਾਰੇ ਉਮੀਦਵਾਰ ਆਰਜ਼ੀ ਤੌਰ ਤੇ ਲਿਖਤੀ ਟੈਸਟ ਵਿੱਚ ਬੈਠਣ ਦੇ ਯੋਗ ਹੋਣਗੇ।ਘੱਟੋ ਘੱਟ ਲਾਜ਼ਮੀ ਵਿੱਦਿਅਕ ਯੋਗਤਾ ਅਤੇ ਹੋਰ ਸ਼ਰਤਾਂ ਨੂੰ ਪੂਰਾ ਕਰਨ ਸਬੰਧੀ ਉਮੀਦਵਾਰ ਖੁਦ ਜਿੰਮੇਵਾਰ ਹੋਵੇਗਾ।ਸਿਰਫ ਉਨ੍ਹਾਂ ਉਮੀਦਵਾਰਾਂ ਦੀਆ ਅਰਜ਼ੀਆਂ ਨੂੰ ਹੀ ਨਿਯੁਕਤੀ ਲਈ ਵਿਚਾਰਿਆ ਜਾਵੇਗਾ ਜੋ ਘੱਟੋ ਘੱਟ ਯੋਗਤਾਵਾਂ ਅਤੇ ਹੋਰ ਸ਼ਰਤਾਂ ਨੂੰ ਪੂਰਾ ਕਰਦੇ ਹਨ।

ਇਹ ਇਸ਼ਤਿਹਾਰ ਅੱਜ ਮਿਤੀ: 16/9/21 ਨੂੰ ਮੇਰੇ ਦਸਤਖਤਾਂ ਹੇਠ ਜਾਰੀ ਕੀਤਾ ਗਿਆ।

ਜਿਲਾ ਕੁਲੈਕਟਰ
ਲੁਧਿਆਣਾ